BRITISH COLUMBIA HealthLinkBC

Punjabi - Number 66
March 2013

# ਬੀ.ਸੀ. ਵਿਚ ਸਿਹਤ ਸੰਭਾਲ ਕਰਮਚਾਰੀਆਂ ਲਈ ਇਮੀਊਨਾਈਜ਼ੇਸ਼ਨ
# Immunization for Health Care Workers in B.C.

## ਸਿਹਤ ਸੰਭਾਲ ਕਰਮਚਾਰੀਆਂ ਲਈ ਇਮਿਊਨਾਈਜ਼ੇਸ਼ਨ ਕਿਉਂ ਜ਼ਰੂਰੀ ਹੈ?

ਸਿਹਤ ਸੰਭਾਲ ਕਰਮਚਾਰੀਆਂ ਨੂੰ ਆਪਣੀ ਕੰਮ ਵਾਲੀ ਜਗ੍ਹਾ ਤੇ ਛੂਤ ਵਾਲੀਆਂ ਬਿਮਾਰੀਆਂ ਲੱਗਣ ਦਾ ਖ਼ਤਰਾ ਹੁੰਦਾ ਹੈ।

ਇਮਿਊਨਾਈਜ਼ੇਸ਼ਨ ਨਾਲ ਕਈ ਬਿਮਾਰੀਆਂ ਤੋਂ ਬਚਾ ਹੋ ਸਕਦਾ ਹੈ। ਇਮਿਊਨਾਈਜ਼ੇਸ਼ਨ ਤੁਹਾਡੀ ਸਿਹਤ ਦੀ ਸੁਰੱਖਿਆ ਕਰਦਾ ਹੈ ਅਤੇ ਬਿਮਾਰੀ ਨੂੰ ਤੁਹਾਡੇ ਅਤੇ ਤੁਹਾਡੇ ਮਰੀਜ਼ਾਂ, ਅਤੇ ਤੁਹਾਡੇ ਅਤੇ ਤੁਹਾਡੇ ਪਰਵਾਰ ਅਤੇ ਦੋਸਤਾਂ ਵਿਚਕਾਰ ਫੈਲਣ ਤੋਂ ਰੋਕਦਾ ਹੈ।

## ਬੀ.ਸੀ. ਵਿੱਚ ਕਿਹੜੀਆਂ ਰੁਟੀਨ ਇਮਿਊਨਾਈਜ਼ੇਸ਼ਨਜ਼ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ?

ਸਿਹਤ ਸੰਭਾਲ ਕਰਮਚਾਰੀਆਂ ਲਈ ਡਿਫ਼ਥੇਰੀਆ ਅਤੇ ਟੈਟਨਸ, ਪੋਲੀਓ, ਹੈਪਾਟਾਈਟਿਸ ਬੀ, ਖਸਰਾ, ਕਨ-ਪੇੜੇ ਅਤੇ ਰੁਬੈਲਾ (ਐਮ.ਐਮ.ਆਰ.), ਵੈਰੀਸੇਲਾ ਅਤੇ ਇਨਫ਼ਲਿਊਐਂਜ਼ਾ ਦੇ ਵੈਕਸੀਨਜ਼ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਬੀ.ਸੀ. ਵਿੱਚ ਸਾਰੇ ਸਿਹਤ ਸੰਭਾਲ ਕਰਮਚਾਰੀਆਂ ਨੂੰ ਇਹ ਮੁਫ਼ਤ ਦਿੱਤੇ ਜਾਂਦੇ ਹਨ।

ਕਰਮਚਾਰੀਆਂ ਦੀ ਇਮਿਊਨਾਈਜ਼ੇਸ਼ਨ ਦੀ ਜ਼ਿੰਮੇਵਾਰੀ ਉੱਥੋਂ ਦੇ ਆਕੂਪੇਸ਼ਨਲ ਸਿਹਤ ਵਿਭਾਗ ਜਾਂ ਕੰਮ ਵਾਲੀ ਜਗ੍ਹਾ ਤੇ ਇਸ ਕੰਮ ਲਈ ਨਿਯੁਕਤ ਸਟਾਫ਼ ਦੀ ਹੈ। ਮਾਲਕ ਅਤੇ ਕਰਮਚਾਰੀ ਨੂੰ ਸਾਰੀਆਂ ਇਮਿਊਨਾਈਜ਼ੇਸ਼ਨਜ਼ ਅਤੇ ਲੈਬਾਰਟਰੀ ਦੇ ਟੈਸਟਾਂ ਦੇ ਰਿਕਾਰਡ ਸੰਭਾਲ ਕੇ ਰੱਖਣੇ ਚਾਹੀਦੇ ਹਨ।

## ਡਿਫ਼ਥੇਰੀਆ, ਟੈਟਨਸ ਅਤੇ ਪੋਲੀਓ

**ਪੋਲੀਓ**: ਮੁੱਢਲੀ ਇਮਿਊਨਾਈਜ਼ੇਸ਼ਨ ਨਾਲ ਪੋਲੀਓ ਵੈਕਸੀਨ ਦੀ ਸਿਫ਼ਾਰਸ਼ ਸਾਰੇ ਸਿਹਤ ਸੰਭਾਲ ਕਰਮਚਾਰੀਆਂ ਲਈ ਕੀਤੀ ਜਾਂਦੀ ਹੈ। ਜ਼ਿਆਦਾਤਰ ਬਾਲਗਾਂ ਨੇ ਮੁੱਢਲੀ ਪੋਲੀਓ ਵੈਕਸੀਨ ਬਚਪਨ ਵਿੱਚ ਹੀ ਲੈ ਲਈ ਹੋਵੇਗੀ। ਜੇ ਤੁਸੀਂ ਸਮਝਦੇ ਹੋ ਕਿ ਤੁਸੀਂ ਵੈਕਸੀਨ ਨਹੀਂ ਲਈ ਤਾਂ ਤੁਹਾਡੇ ਲਈ ਪੋਲੀਓ ਵੈਕਸੀਨ ਦੀ ਮੁੱਢਲੀ ਖ਼ੁਰਾਕ ਲੈਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਸਿਹਤ ਸੰਭਾਲ ਕਰਮਚਾਰੀਆਂ ਨੂੰ ਮੁੱਢਲੀ ਖ਼ੁਰਾਕ ਤੋਂ 10 ਸਾਲ ਬਾਅਦ ਵੈਕਸੀਨ ਦੀ ਬੂਸਟਰ ਖ਼ੁਰਾਕ ਲੈਣੀ ਚਾਹੀਦੀ ਹੈ।

ਇਮਿਊਨਾਈਜ਼ੇਸ਼ਨ ਦੇ ਪ੍ਰਭਾਵ ਕਾਰਨ ਪੋਲੀਓ ਦੁਨੀਆਂ ਦੇ ਜ਼ਿਆਦਾਤਰ ਹਿੱਸਿਆਂ ਵਿਚੋਂ ਖ਼ਤਮ ਹੋ ਗਿਆ ਹੈ। 1994 ਵਿਚ ਕੈਨੇਡਾ ਨੂੰ ਪੋਲੀਓ ਮੁਕਤ ਮੁਲਕ ਪ੍ਰਮਾਣਿਤ ਕੀਤਾ ਗਿਆ ਸੀ। ਕੈਨੇਡਾ ਵਿਚ ਪੋਲੀਓ ਦਾ ਉਨ੍ਹਾਂ ਲੋਕਾਂ ਨੂੰ ਖ਼ਤਰਾ ਹੈ ਜੋ ਐਸੇ ਲੋਕਾਂ ਦੇ ਸੰਪਰਕ ਵਿਚ ਆਉਂਦੇ ਹਨ ਜਿਨ੍ਹਾਂ ਦੇ ਦੇਸ਼ਾਂ ਵਿਚ ਅਜੇ ਵੀ ਪੋਲੀਓ ਹੈ। ਜਿਹੜੇ ਲੋਕ ਐਸੇ ਦੇਸ਼ਾਂ ਵਿਚ ਜਾਂਦੇ ਹਨ ਉਨ੍ਹਾਂ ਨੂੰ ਪੋਲੀਓ ਦੇ ਸੰਪਰਕ ਵਿਚ ਆਉਣ ਦਾ ਖ਼ਤਰਾ ਹੁੰਦਾ ਹੈ ਇਸ ਲਈ ਉਨ੍ਹਾਂ ਨੂੰ ਇਮਿਊਨਾਈਜ਼ੇਸ਼ਨ ਕਰਵਾ ਲੈਣੀ ਚਾਹੀਦੀ ਹੈ। ਜਦ ਕਿ ਪੋਲੀਓ ਦੀਆਂ ਜ਼ਿਆਦਾਤਰ ਇਨਫ਼ੈਕਸ਼ਨਜ਼ ਦੇ ਕੋਈ ਲੱਛਣ ਨਹੀਂ ਹੁੰਦੇ ਪਰ ਕੁੱਝ ਹੋਰਨਾਂ ਕਾਰਨ ਅਧਰੰਗ ਅਤੇ ਮੌਤ ਵੀ ਹੋ ਸਕਦੀ ਹੈ।

**ਡਿਫਥੇਰੀਆ ਅਤੇ ਟੈਟਨਸ**: ਕੈਨੇਡਾ ਵਿੱਚ ਸਾਰੇ ਬਾਲਗਾਂ ਨੂੰ ਡਿਫ਼ਥੇਰੀਆ ਅਤੇ ਟੈਟਨਸ ਵਿਰੁੱਧ ਵੈਕਸੀਨ ਲੈਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਹਰ 10 ਸਾਲਾਂ ਬਾਅਦ ਇਸ ਦੀ ਬੂਸਟਰ ਖ਼ੁਰਾਕ ਲੈਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਜੇ ਤੁਹਾਨੂੰ ਕੋਈ ਗੰਦਾ ਜਾਂ ਵੱਡਾ ਜ਼ਖਮ ਹੋ ਜਾਵੇ ਜਾਂ ਕੋਈ ਚੀਜ਼ ਕੱਟ ਲਵੇ ਤਾਂ ਤੁਹਾਨੂੰ ਬੂਸਟਰ ਖ਼ੁਰਾਕ ਜਲਦੀ ਮਿਲੇਗੀ।

ਡਿਫ਼ਥੇਰੀਆ ਛੂਤ ਦੀ ਇੱਕ ਗੰਭੀਰ ਬਿਮਾਰੀ ਹੈ ਜਿਸ ਨਾਲ 5 ਤੋਂ 10% ਹਾਲਤਾਂ ਵਿੱਚ ਮੌਤ ਹੋ ਜਾਂਦੀ ਹੈ ਛੋਟੇ ਬੱਚਿਆਂ ਅਤੇ ਬਜ਼ੁਰਗਾਂ ਵਿੱਚ ਮੌਤ ਦੀ ਦਰ ਜ਼ਿਆਦਾ ਹੁੰਦੀ ਹੈ।

ਟੈਟਨਸ ਬੜੀ ਤੀਬਰ ਅਤੇ ਆਮ ਤੌਰ ਤੇ ਘਾਤਕ ਬਿਮਾਰੀ ਹੈ, ਪਰ ਇਹ ਕੈਨੇਡਾ ਵਿੱਚ ਬਹੁਤ ਘੱਟ ਹੈ। ਇਹ ਗੰਦੇ ਜ਼ਖ਼ਮਾਂ, ਜਾਨਵਰਾਂ ਦੇ ਕੱਟਣ ਅਤੇ ਟੀਕਿਆਂ ਦੇ ਦੂਸ਼ਿਤ ਸਾਜੋ ਸਾਮਾਨ ਦੀ ਵਰਤੋਂ ਕਾਰਨ ਹੁੰਦੀ ਹੈ।

## ਖਸਰਾ, ਕਨ-ਪੇੜੇ ਅਤੇ ਰੁਬੈਲਾ

**ਖਸਰਾ**: ਖਸਰੇ ਦੀ ਇਨਫ਼ੈਕਸ਼ਨ ਤੋਂ ਬਚਾਅ ਲਈ ਇਹ ਸਬੂਤ ਚਾਹੀਦਾ ਹੈ ਕਿ ਖਸਰੇ ਵਾਲੀ ਵੈਕਸੀਨ ਦੀਆਂ 2 ਖ਼ੁਰਾਕਾਂ ਲਈਆਂ ਸਨ ਜਾਂ ਲੈਬਾਰਟਰੀ ਦਾ ਸਬੂਤ ਹੋਵੇ ਕਿ ਪਿਛਲੇ ਸਮੇਂ ਖਸਰਾ ਹੋਇਆ ਸੀ। 1957 ਤੋਂ ਪਹਿਲਾਂ ਪੈਦਾ ਹੋਇਆਂ ਨੂੰ ਸ਼ਾਇਦ ਖਸਰੇ ਦੀ ਬਿਮਾਰੀ ਹੋਈ ਹੋਵੇਗੀ ਅਤੇ ਉਹ ਇਸ ਬਿਮਾਰੀ ਤੋਂ ਮੁਕਤ ਸਮਝੇ ਜਾਂਦੇ ਹਨ।

ਖਸਰਾ ਬਹੁਤ ਛੂਤ ਵਾਲੀ ਬਿਮਾਰੀ ਹੈ ਜੋ ਬਾਲਾਂ, ਬੱਚਿਆਂ ਅਤੇ ਬਾਲਗਾਂ ਜਿਨ੍ਹਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੈ ਉਨ੍ਹਾਂ ਲਈ ਜ਼ਿਆਦਾ ਗੰਭੀਰ ਹੋ ਸਕਦੀ ਹੈ। ਖਸਰੇ ਕਾਰਨ ਜਟਿਲਤਾਵਾਂ ਵਿਚ ਨਮੂਨੀਆ (ਫੇਫੜਿਆਂ ਦੀ ਬਿਮਾਰੀ) ਅਤੇ ਐਨਸਿਫਲਾਈਟਿਸ (ਦਿਮਾਗ਼ ਵਿਚ ਸੋਜਸ਼ ਦੀ ਬਿਮਾਰੀ) ਸ਼ਾਮਲ ਹਨ। ਐਨਸਿਫ਼ਲਾਈਟਿਸ ਕਾਰਨ ਬੇਹੋਸ਼ੀ ਦੇ ਦੌਰੇ, ਬੋਲ਼ਾਪਣ ਜਾਂ ਦਿਮਾਗ ਵਿਚ ਨੁਕਸ ਪੈ ਸਕਦਾ ਹੈ।

**ਕੰਨ ਪੇੜੇ**: ਕੰਨ ਪੇੜਿਆਂ ਤੋਂ ਸੁਰੱਖਿਆ ਲਈ ਇਹ ਸਬੂਤ ਚਾਹੀਦਾ ਹੈ ਕਿ ਲੈਬਾਰਟਰੀ ਵਲੋਂ ਪੁਸ਼ਟੀ ਹੋਵੇ ਕਿ ਪਹਿਲਾਂ ਕੰਨ ਪੇੜੇ ਹੋਏ ਸਨ ਜਾਂ ਤੁਹਾਡੀ ਉਮਰ ਮੁਤਾਬਿਕ ਤੁਹਾਨੂੰ ਪਹਿਲਾਂ ਇਸ ਦੇ ਵੈਕਸੀਨ ਦੀਆਂ ਖ਼ੁਰਾਕਾਂ ਮਿਲੀਆਂ ਹਨ। 1957 ਅਤੇ 1969 ਵਿਚਕਾਰ ਪੈਦਾ ਹੋਏ ਲੋਕਾਂ ਨੂੰ ਕੰਨ ਪੇੜੇ ਦੇ ਵੈਕਸੀਨ ਦੀ ਖ਼ੁਰਾਕ ਦੀ ਲੋੜ ਹੈ ਅਤੇ 1969 ਤੋਂ ਬਾਅਦ ਪੈਦਾ ਹੋਏ ਲੋਕਾਂ ਨੂੰ 2 ਖ਼ੁਰਾਕਾਂ ਦੀ ਲੋੜ ਹੇ। 1957 ਤੋਂ ਪਹਿਲਾਂ ਪੈਦਾ ਹੋਏ ਲੋਕਾਂ ਨੂੰ ਸ਼ਾਇਦ ਕੰਨ ਪੇੜੇ ਹੋਏ ਹੋਣਗੇ ਇਸ ਲਈ ਉਹ ਇਮਿਊਨ ਸਮਝੇ ਜਾਂਦੇ ਹਨ।

ਕਨ-ਪੇੜੇ ਆਮ ਤੌਰ ਤੇ ਇੱਕ ਹਲਕੀ ਜਿਹੀ ਬਿਮਾਰੀ ਹੈ। ਪਰ ਫਿਰ ਵੀ ਬਾਲਗਾਂ ਐਨਸਿਫ਼ਲਾਈਟਿਸ ਜਿਹੀਆਂ ਜਟਿਲਤਾਵਾਂ ਬਹੁਤ ਆਮ ਹਨ।

**ਰੁਬੈਲਾ**: ਸਿਹਤ ਸੰਭਾਲ ਵਾਲੇ ਕਾਮੇ ਰੁਬੈਲਾ ਤੋਂ ਸੁਰੱਖਿਅਤ ਸਮਝੇ ਜਾਂਦੇ ਹਨ ਜੇ ਉਨ੍ਹਾਂ ਕੋਲ ਰੁਬੈਲਾ ਵੈਕਸੀਨ ਦੀ 1 ਖ਼ੁਰਾਕ ਲੈਣ ਦਾ ਸਬੂਤ ਹੈ ਉਹ ਬੇਸ਼ੱਕ ਜਿੰਨੀ ਮਰਜ਼ੀ ਉਮਰ ਦੇ ਹੋਣ ਜਾਂ ਜਿਸ ਮਰਜ਼ੀ ਸਾਲ ਵਿਚ ਪੈਦਾ ਹੋਏ ਹੋਣ, ਜਾਂ ਉਨ੍ਹਾਂ ਕੋਲ ਲੈਬਾਰਟਰੀ ਦਾ ਇਹ ਸਬੂਤ ਹੋਵੇ ਕਿ ਉਨ੍ਹਾਂ ਨੂੰ ਪਹਿਲਾਂ ਕੰਨ ਪੇੜੇ ਹੋਏ ਸਨ।

ਬਾਲਗਾਂ ਵਿਚ ਕੰਨ ਪੇੜਿਆਂ ਕਾਰਨ ਜੋੜਾਂ ਵਿਚ ਸੋਜਸ਼ ਅਤੇ ਦਰਦ ਹੋ ਸਕਦੀ ਹੈ। ਗਰਭ ਅਵਸਥਾ ਦੇ ਪਹਿਲੇ 3 ਮਹੀਨਿਆਂ ਅੰਦਰ ਇਸ ਇਨਫ਼ੈਕਸ਼ਨ ਦਾ ਭਰੂਣ ਤੇ ਗੰਭੀਰ ਅਸਰ ਹੋ ਸਕਦਾ ਹੈ; 10 ਵਿਚੋਂ 9 ਨੂੰ ਜਮਾਂਦਰੂ ਨੁਕਸ ਹੋਣਗੇ। ਬੱਚੇ ਦੀ ਨਜ਼ਰ, ਸੁਣਨ ਸ਼ਕਤੀ, ਦਿਲ ਅਤੇ ਦਿਮਾਗ਼ ਵਿਚ ਨੁਕਸ ਹੋ ਸਕਦਾ ਹੈ। ਸਿਹਤ ਕੇਂਦਰਾਂ ਵਿਚ ਕੰਨ ਪੇੜਿਆਂ ਦਾ ਫੁੱਟਣਾ ਫ਼ਿਕਰ ਦਾ ਕਾਰਨ ਹੈ ਕਿਉਂ ਕਿ ਇਸ ਦੇ ਗਰਭਵਤੀ ਸਿਹਤ ਸੰਭਾਲ ਵਾਲੇ ਕਾਮਿਆਂ ਅਤੇ ਮਰੀਜ਼ਾਂ ਵਿਚ ਫੈਲਣ ਦੀ ਸੰਭਾਵਨਾ ਹੋ ਸਕਦੀ ਹੈ।

## ਹੈਪਾਟਾਈਟਿਸ ਬੀ.

ਹੈਪਾਟਾਈਟਿਸ ਬੀ. ਵੈਕਸੀਨ ਦੀ ਉਨ੍ਹਾਂ ਸਿਹਤ ਸੰਭਾਲ ਕਰਮਚਾਰੀਆਂ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਦੂਸ਼ਿਤ ਖ਼ੂਨ ਜਾਂ ਸਰੀਰਕ ਦਰਵਾਂ ਦੇ ਸੰਪਰਕ ਦਾ ਖ਼ਤਰਾ ਹੈ। ਜਿਨ੍ਹਾਂ ਵਿਅੱਕਤੀਆਂ ਨੇ ਹੈਪਾਟਾਈਟਿਸ ਬੀ. ਦੇ ਪਹਿਲਾਂ ਵੈਕਸੀਨ ਲਏ ਹਨ ਅਤੇ ਉਨ੍ਹਾਂ ਕੋਲ ਬਿਮਾਰੀ ਤੋਂ ਮੁਕਤ ਹੋਣ ਦੇ ਲੈਬਾਰਟਰੀ ਟੈੱਸਟ ਦੇ ਨਤੀਜੇ ਹਨ ਉਹ ਵਿਅੱਕਤੀ ਬਿਮਾਰੀ ਤੋਂ ਮੁਕਤ ਸਮਝੇ ਜਾਂਦੇ ਹਨ। ਜਿਨ੍ਹਾਂ ਵਿੱਚ ਮੁੱਢਲੀ ਵੈਕਸੀਨ ਲੜੀ ਦੇ ਨਾਲ ਬਿਮਾਰੀ ਤੋਂ ਮੁਕਤ ਹੋਣ ਦੀ ਯੋਗਤਾ ਪੈਦਾ ਨਹੀਂ ਹੁੰਦੀ ਉਨ੍ਹਾਂ ਨੂੰ ਦੂਜੀ ਵਾਰ ਵੈਕਸੀਨ ਲਗਵਾਉਣੇ ਚਾਹੀਦੇ ਹਨ। ਬਿਮਾਰੀ ਤੋਂ ਮੁਕਤ ਹੋਣ ਦੀ ਜਾਂਚ ਲਈ ਪੂਰੀ ਵੈਕਸੀਨ ਦੀ ਲੜੀ ਲਗਵਾਉਣ ਤੋਂ 1-6 ਮਹੀਨਿਆਂ ਬਾਅਦ ਐਂਟੀਬਾਡੀਜ਼ ਦਾ ਟੈੱਸਟ ਕੀਤਾ ਜਾਣਾ ਚਾਹੀਦਾ ਹੈ।

ਹੈਪਾਟਾਈਟਿਸ ਵਾਇਰਸ ਜਿਗਰ ਤੇ ਹਮਲਾ ਕਰਦਾ ਹੈ। ਇਸ ਕਾਰਨ ਗੰਭੀਰ ਬਿਮਾਰੀ ਹੋ ਸਕਦੀ ਹੈ ਜਿਸ ਵਿਚ ਜਿਗਰ ਦਾ ਨੁਕਸਾਨ (ਸਿਰ੍ਹੋਸਿਸ) ਸ਼ਾਮਲ ਹੈ। ਹੈਪਾਟਾਈਟਿਸ ਜਿਗਰ ਦੇ ਕੈਂਸਰ ਦਾ ਵੀ ਕਾਰਨ ਹੈ ਅਤੇ ਘਾਤਕ ਹੋ ਸਕਦੀ ਹੈ।

## ਵੈਰੀਸੇਲਾ (Varicella)

ਜਿਨ੍ਹਾਂ ਸਿਹਤ ਸੰਭਾਲ ਕਾਮਿਆਂ ਕੋਲ ਛੋਟੀ ਮਾਤਾ ਤੋਂ ਮੁਕਤੀ ਦਾ ਸਬੂਤ ਨਹੀਂ ਉਨ੍ਹਾਂ ਲਈ ਵੈਰੀਸੇਲਾ ਵੈਕਸੀਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਸਬੂਤ ਵਜੋਂ ਆਪਣੇ ਵਲੋਂ ਦੱਸਿਆ 12 ਮਹੀਨਿਆਂ ਦੀ ਉਮਰ ਤੋਂ ਬਾਅਦ ਛੋਟੀ ਮਾਤਾ ਜਾਂ ਜਨੇਊ ਦਾ ਹੋਣਾ, ਇਮਿਊਨਿਟੀ ਸਿੱਧ ਕਰਦੇ ਲੈਬਾਰਟਰੀ ਦੇ ਨਤੀਜੇ ਜਾਂ ਉਮਰ ਮੁਤਾਬਿਕ ਵੈਰੀਸੇਲਾ ਵੈਕਸੀਨ ਦੀ ਲੜੀ ਲੈਣ ਦੇ ਦਸਤਾਵੇਜ਼ ਸ਼ਾਮਲ ਹਨ।

ਜਿਨ੍ਹਾਂ ਲੋਕਾਂ ਦੀ ਬਿਮਾਰੀ ਬਾਰੇ ਜਾਣਕਾਰੀ ਪੱਕੀ ਨਹੀਂ ਉਨ੍ਹਾਂ ਦਾ ਵੈਰੀਸੇਲਾ ਤੋਂ ਪ੍ਰਭਾਵਿਤ ਹੋਣ ਬਾਰੇ ਟੈੱਸਟ ਹੋਣਾ ਚਾਹੀਦਾ ਹੈ। ਜੋ ਇਸ ਤੋਂ ਪ੍ਰਭਾਵਿਤ ਹੋ ਸਕਦੇ ਹਨ ਉਨ੍ਹਾਂ ਨੂੰ ਵੈਕਸੀਨ ਦੀਆਂ 2 ਖ਼ੁਰਾਕਾਂ 6 ਹਫ਼ਤਿਆਂ ਦੇ ਅੰਤਰ ਨਾਲ ਲੈਣੀਆਂ ਚਾਹੀਦੀਆਂ ਹਨ।

ਛੋਟੀ ਮਾਤਾ ਇਨਫ਼ੈਕਸਨ ਵੈਰੀਸੇਲਾ-ਜ਼ੋਸਟਰ ਵਾਇਰਸ ਕਾਰਨ ਹੁੰਦੀ ਹੈ। ਨਵਯੁਵਕਾਂ, ਬਾਲਗਾਂ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲਿਆਂ ਵਾਸਤੇ ਜ਼ਿਆਦਾ ਗੰਭੀਰ ਹੁੰਦੀ ਹੈ। ਛੋਟੀ ਮਾਤਾ ਦੀਆਂ ਜਟਿਲਤਾਵਾਂ ਵਿਚ ਨਮੂਨੀਆ, ਐਨਸਿਫ਼ਲਾਈਟਿਸ ਚਮੜੀ ਦੀ ਬੈਕਟੀਰੀਅਲ ਇਨਫ਼ੈਕਸ਼ਨ ਸ਼ਾਮਲ ਹਨ।ਇਸ ਇਨਫ਼ੈਕਸ਼ਨ ਨਾਲ 3000 ਵਿਚੋਂ 1 ਵਿਅਕਤੀ ਮਰ ਸਕਦਾ ਹੈ।

## ਇਨਫਲੂਐਂਜ਼ਾ

ਸਿਹਤ ਸੰਭਾਲ ਕਾਮਿਆਂ ਲਈ ਇਨਫ਼ਲੂਐਂਜ਼ਾ ਵੈਕਸੀਨ ਦੀ ਸਾਲਾਨਾ ਖ਼ੁਰਾਕ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਸਾਰੇ ਸਿਹਤ ਸੰਭਾਲ ਵਾਲੇ ਕਾਮਿਆਂ ਨੂੰ ਇਨਫ਼ਲੂਐਂਜ਼ਾ ਹੋਣ ਦਾ ਅਤੇ ਮਰੀਜ਼ਾਂ, ਪਰਵਾਰ ਅਤੇ ਦੋਸਤਾਂ ਵਿਚ ਫੈਲਾਉਣ ਦਾ ਖ਼ਤਰਾ ਹੈ। ਇਨਫ਼ਲੂਐਂਜ਼ੇ ਤੋਂ ਗੰਭੀਰ ਜਟਿਲਤਾਵਾਂ ਦੇ ਜ਼ਿਆਦਾ ਖ਼ਤਰੇ ਵਾਲੇ ਲੋਕਾਂ ਜਿਵੇਂ ਕਿ ਬਜ਼ੁਰਗ ਜਾਂ ਦਿਲ ਅਤੇ ਫੇਫੜਿਆਂ ਦੀਆਂ ਖ਼ਰਾਬੀਆਂ, ਕਮਜ਼ੋਰ ਇਮਿਊਨ ਸਿਸਟਮ ਜਾਂ ਹੋਰ ਪੁਰਾਣੀਆਂ ਬਿਮਾਰੀਆਂ, ਵਿਚ ਵਾਇਰਸ ਦੇ ਫੈਲਣ ਨੂੰ ਰੋਕਣਾ ਬੜਾ ਜ਼ਰੂਰੀ ਹੈ।

ਸਿਹਤ ਸੰਭਾਲ ਕਾਮਿਆਂ ਦੀ ਇਨਫ਼ਲੂਐਂਜ਼ਾ ਇਮਿਊਨਾਈਜ਼ੇਸ਼ਨ ਕਾਰਨ ਲੰਮੀ ਬਿਮਾਰੀ ਵਾਲੇ ਮਰੀਜ਼ਾਂ ਦੀਆਂ ਬਿਮਾਰੀਆਂ ਅਤੇ ਜਟਿਲਤਾਵਾਂ ਘੱਟ ਹੋਣ ਦੇ ਨਤੀਜੇ ਸਾਹਮਣੇ ਆਏ ਹਨ। ਇਸ ਨਾਲ ਇਨਫ਼ਲੂਐਂਜ਼ੇ ਦੇ ਮੌਸਮ ਵਿਚ ਕਰਮਚਾਰੀ ਵੀ ਘੱਟ ਬਿਮਾਰ ਹੁੰਦੇ ਹਨ।

ਇਨਫ਼ਲੂਐਂਜ਼ਾ ਸਾਹ ਨਲੀ ਦੇ ਉੱਪਰਲੇ ਹਿੱਸੇ ਦੀ ਇਨਫ਼ੈਕਸ਼ਨ ਹੈ ਜੋ ਇਨਫ਼ਲੂਐਨਜ਼ਾ ਵਾਇਰਸ ਕਾਰਨ ਹੁੰਦੀ ਹੈ। ਇਨਫ਼ਲੂਐਨਜ਼ੇ ਵਾਲੇ ਵਿਅਕਤੀ ਨੂੰ ਵਾਇਰਲ ਅਤੇ ਬੈਕਟੀਰੀਏ ਵਾਲੇ ਨਮੂਨੀਏ ਸਮੇਤ ਹੋਰ ਇਨਫ਼ੈਕਸ਼ਨਜ਼ ਦਾ ਵੀ ਖ਼ਤਰਾ ਹੁੰਦਾ ਹੈ।

## ਕਾਲੀ ਖਾਂਸੀ

ਇਮਿਊਨਾਈਜ਼ੇਸ਼ਨ ਦੀ ਕੇਂਦਰੀ ਸਲਾਹਕਾਰ ਕਮੇਟੀ ਸਾਰੇ ਬਾਲਗਾਂ ਜਿਨ੍ਹਾਂ ਨੂੰ ਬਚਪਨ ਵਿਚ ਇਮਿਊਨਾਈਜ਼ ਕੀਤਾ ਗਿਆ ਸੀ, ਲਈ ਪਰਟੂਸਿਸ ਵੈਕਸੀਨ ਦੀ ਬੂਸਟਰ ਖ਼ੁਰਾਕ ਦੀ ਸਿਫ਼ਾਰਸ਼ ਕਰਦੀ ਹੈ। ਬੀ.ਸੀ. ਵਿਚ ਬਾਲਗਾਂ ਨੂੰ ਆਮ ਤੌਰ ਤੇ ਬੂਸਟਰ ਖ਼ੁਰਾਕ ਮੁਫ਼ਤ ਨਹੀਂ ਦਿੱਤੀ ਜਾਂਦੀ। ਪਰ ਸਿਹਤ ਸੰਭਾਲ ਕਰਮਚਾਰੀਆਂ ਨੂੰ ਪਰਟੂਸਿਸ ਦੀ ਬੂਸਟਰ ਖ਼ੁਰਾਕ ਆਕੂਪੇਸ਼ਨਲ ਸਿਹਤ ਵਿਭਾਗ ਵਲੋਂ ਮੁਫ਼ਤ ਦਿੱਤੀ ਜਾ ਸਕਦੀ ਹੈ। ਪਰਟੂਸਿਸ ਦੀ ਬੂਸਟਰ ਖ਼ੁਰਾਕ ਡਿਫਥੇਰੀਆ ਅਤੇ ਟੈੱਟਨਸ ਨਾਲ ਮਿਲਵੀਂ ਦਿੱਤੀ ਜਾਂਦੀ ਹੈ।

ਪਰਟੂਸਿਸ ਜਿਸ ਨੂੰ ਕਾਲੀ ਖਾਂਸੀ ਵੀ ਕਹਿੰਦੇ ਹਨ ਸਾਹ ਪ੍ਰਣਾਲੀ ਦੀ ਗੰਭੀਰ ਇਨਫ਼ੈਕਸ਼ਨ ਹੈ ਜੋ ਪਰਟੂਸਿਸ ਬੈਕਟੀਰੀਏ ਕਾਰਨ ਹੁੰਦੀ ਹੈ। ਪਰਟੂਸਿਸ ਕਾਰਨ ਬਹੁਤ ਖੰਘ ਆਉਂਦੀ ਹੈ ਜੋ ਕਈ ਮਹੀਨੇ ਰਹਿ ਸਕਦੀ ਹੈ। ਪਰਟੂਸਿਸ ਦੀਆਂ ਜਟਿਲਤਾਵਾਂ ਵਿਚ ਨਮੂਨੀਆ, ਕੜਵੱਲ ਪੈਣੇ, ਦਿਮਾਗ਼ੀ ਨੁਕਸਾਨ ਜਾਂ ਮੌਤ ਸ਼ਾਮਲ ਹਨ। ਇਹ ਜਟਿਲਤਾਵਾਂ ਆਮ ਤੌਰ ਤੇ ਬਹੁਤ ਛੋਟੇ ਬੱਚਿਆਂ ਵਿਚ ਹੁੰਦੀਆਂ ਹਨ। ਪਰਟੂਸਿਸ ਵਾਲੇ 170 ਬੱਚਿਆਂ ਵਿਚੋਂ 1 ਮਰ ਸਕਦਾ ਹੈ।

## ਹੋਰ ਜ਼ਿਆਦਾ ਜਾਣਕਾਰੀ ਲਈ

ਆਮ ਰੁਟੀਨ ਇਮਿਊਨਾਈਜ਼ੇਸ਼ਨ ਦੀਆਂ ਸਿਫ਼ਾਰਸ਼ਾਂ ਲਈ ਹੋਰ ਜ਼ਿਆਦਾ ਜਾਣਕਾਰੀ ਲਈ ਹੇਠਾਂ ਲਿਖੀਆਂ ਹੈਲਥਲਿੰਕ ਬੀ.ਸੀ. ਫ਼ਾਈਲਾਂ (HealthLinkBC Files) ਦੇਖੋ:

- #12d ਇਨਫ਼ਲੂਐਂਜ਼ਾ (ਫ਼ਲੂ) ਵੈਕਸੀਨ
- #13 ਪੋਲੀਓ ਵੈਕਸੀਨ (IPV)
- #14a ਖਸਰਾ, ਕੰਨ-ਪੇੜੇ, ਰੁਬੈਲਾ (MMR) ਵੈਕਸੀਨ
- #18a ਟੈੱਟਨਸ ਅਤੇ ਡਿਫਥੇਰੀਆ (Td) ਵੈਕਸੀਨ
- #18ਚ ਟੈੱਟਨਸ, ਡਿਫਥੇਰੀਆ, ਪਰਟੂਸਿਸ ਵੈਕਸੀਨ
- #25ੳ ਹੈਪਾਟਾਈਟਿਸ ਬੀ. ਵੈਕਸੀਨ
- #44ਬ ਛੋਟੀ ਮਾਤਾ (ਵੈਰੀਸੇਲਾ) ਵੈਕਸੀਨ

BC Centre for Disease Control
An agency of the Provincial Health Services Authority